# ਸਿਟੀ ਆਫ ਬ੍ਰੈਂਪਟਨ ਸੁਰੱਖਿਅਤ ਅਤੇ ਸੁਵਿਧਾਜਨਕ ਨਕਦ ਰਹਿਤ ਭੁਗਤਾਨ ਵੱਲ ਵਧ ਰਹੀ ਹੈ

ਬ੍ਰੈਂਪਟਨ, ਓਨਟੈਰੀਓ (3 ਜੁਲਾਈ, 2020) – ਪਿਛਲੇ ਹਫ਼ਤੇ ਆਪਣੀ ਮੀਟਿੰਗ ਵਿੱਚ, ਬ੍ਰੈਂਪਟਨ ਸਿਟੀ ਕਾਉਂਸਿਲ (Brampton City Council) ਨੇ, ਆਪਣੀ ਜਾਰੀ ਕਾਰਜ ਵਿੱਚ ਸੁਧਾਰ ਅਤੇ ਸੁਰੱਖਿਆ ਉਪਾਵਾਂ ਦੇ ਹਿੱਸੇ ਵਜੋਂ, ਪ੍ਰਾਪਰਟੀ ਟੈਕਸਾਂ ਅਤੇ ਬਿਲਡਿੰਗ ਡਿਵੀਜਨ (Building Division) ਫੀਸਾਂ ਲਈ, ਇੱਕ ਨਵੀਂ ਨਕਦ ਰਹਿਤ (ਕੈਸ਼ਲੈਸ) ਭੁਗਤਾਨ ਪ੍ਰਕਿਰਿਆ ਨੂੰ ਮਨਜ਼ੂਰੀ ਦਿੱਤੀ।

ਨਿਵਾਸੀਆਂ, ਕਾਰੋਬਾਰ-ਮਾਲਕਾਂ ਅਤੇ ਕਰਮਚਾਰੀਆਂ ਵਿਚਕਾਰ, ਵੱਧ ਸੁਰੱਖਿਅਤ ਵਿੱਤੀ ਲੈਣ-ਦੇਣ (ਟ੍ਰਾਂਜੈਕਸ਼ਨਾਂ) ਲਈ, 1 ਜਨਵਰੀ, 2021 ਤੋਂ, ਸਿਟੀ ਹੇਠਾਂ ਲਿਖੀਆਂ ਵਿਧੀਆਂ ਰਾਹੀਂ, ਪ੍ਰਾਪਰਟੀ ਟੈਕਸ ਅਤੇ ਬਿਲਡਿੰਗ ਡਿਵੀਜਨ ਫੀਸਾਂ ਲਵੇਗੀ, ਕਿਉਂਕਿ ਉਦੋਂ ਨਕਦ ਭੁਗਤਾਨ ਸਵੀਕਾਰ ਨਹੀਂ ਕੀਤੇ ਜਾਣਗੇ:

- ਪ੍ਰੀ-ਅਥਾੱਰਾਈਜ਼ਡ ਭੁਗਤਾਨ
- ਔਨਲਾਈਨ ਬੈਂਕਿੰਗ
- ਫੋਨ ਬੈਂਕਿੰਗ
- ਨਿੱਜੀ ਬੈਂਕਿੰਗ ਬ੍ਰਾਂਚਾਂ ਰਾਹੀਂ ਵਿਅਕਤੀਗਤ ਭੁਗਤਾਨ
- ਵਿਅਕਤੀਗਤ ਡੈਬਿਟ-ਕਾਰਡ ਭੁਗਤਾਨ
- ਵਿਅਕਤੀਗਤ ਕ੍ਰੈਡਿਟ-ਕਾਰਡ ਭੁਗਤਾਨ (ਸਿਰਫ਼ ਬਿਲਡਿੰਗ ਸਬੰਧੀ ਫੀਸਾਂ)

ਇਸ ਸਮੇਂ, ਨੌਜਵਾਨਾਂ ਅਤੇ ਬਜ਼ੁਰਗਾਂ ਜਿਹੇ ਸਮੂਹਾਂ ਲਈ ਪਹੁੰਚਯੋਗਤਾ ਨੂੰ ਯਕੀਨੀ ਬਣਾਉਣ ਲਈ, ਇਹ ਤਬਦੀਲੀਆਂ, ਹੋਰ ਤਰ੍ਹਾਂ ਦੀਆਂ ਉਪਭੋਗਤਾ ਫੀਸਾਂ, ਲਾਇਸੈਂਸਾਂ ਅਤੇ ਫੀਸਾਂ (ਚਾਰਜਿਸ) ਦੀਆਂ ਭੁਗਤਾਨ ਵਿਧੀਆਂ ਤੇ ਲਾਗੂ ਨਹੀਂ ਹੋਣਗੀਆਂ। ਇਸ ਵਿੱਚ ਰੇਕ੍ਰੀਏਸ਼ਨ (Recreation), ਪੀ.ਓ.ਏ. (POA) ਕੋਰਟ ਫੀਸਾਂ, ਐਨੀਮਲ ਸਰਵਿਸਿਜ (Animal Services) ਅਤੇ ਪਰਫੌਰਮਿੰਗ ਆਰਟਸ (Performing Arts) ਲਈ ਭੁਗਤਾਨ ਸ਼ਾਮਲ ਹਨ।

ਕਾਉਂਸਿਲ ਦੀ, ਚੰਗੀ-ਤਰ੍ਹਾਂ ਸੰਚਾਲਿਤ, ਸਿਹਤਮੰਦ ਅਤੇ ਸੁਰੱਖਿਅਤ ਸ਼ਹਿਰ ਬਣਾਉਣ ਦੀ ਤਰਜੀਹ ਦੇ ਮੁਤਾਬਕ, ਨਕਦ ਰਹਿਤ ਭੁਗਤਾਨ, ਲੈਣ-ਦੇਣ ਪੂਰੇ ਕਰਨ ਦਾ ਆਧੁਨਿਕ, ਸੁਵਿਧਾਜਨਕ ਅਤੇ ਸੁਰੱਖਿਅਤ ਤਰੀਕਾ ਪ੍ਰਦਾਨ ਕਰਦੇ ਹਨ।

**ਪਿਛੋਕੜ**

- ਭੁਗਤਾਨ ਦੀ ਵਿਧੀ ਦੇ ਤੌਰ ਤੇ ਨਕਦ ਲੈਣ ਵਿੱਚ, ਕਈ ਤਰ੍ਹਾਂ ਦੀਆਂ ਚੁਣੌਤੀਆਂ ਆਉਂਦੀਆਂ ਹਨ, ਜਿਵੇਂ ਚੋਰੀ ਅਤੇ ਲੁੱਟਮਾਰ ਦਾ ਜੋਖਮ, ਜਾਅਲੀ ਬਿਲ ਪ੍ਰਵਾਨ ਕਰਨ ਦਾ ਜੋਖਮ ਅਤੇ ਹੱਥ ਵਿੱਚ ਕਰੰਸੀ ਫੜ੍ਹਨ ਨਾਲ ਜੁੜੀਆਂ ਸਿਹਤ ਸਬੰਧੀ ਚਿੰਤਾਵਾਂ।
- ਬਹੁਤ ਹੀ ਘੱਟ ਪ੍ਰਤੀਸ਼ਤ ਪ੍ਰਾਪਰਟੀ ਮਾਲਕਾਂ ਨੇ ਨਕਦ ਵਿਧੀ ਦੀ ਵਰਤੋਂ ਕਰਦੇ ਹੋਏ ਭੁਗਤਾਨ ਕੀਤੇ – ਜਦਕਿ ਜ਼ਿਆਦਾਤਰ ਮਾਲਕਾਂ ਨੇ ਪ੍ਰੀ-ਅਥਾੱਰਾਈਜ਼ਡ ਟੈਕਸ ਭੁਗਤਾਨ (ਪੀ.ਟੀ.ਪੀ.) (PTP), ਔਨਲਾਈਨ ਬੈਂਕਿੰਗ, ਟੈਲੀਫੋਨ ਬੈਂਕਿੰਗ, ਚੈੱਕ ਜਾਂ ਇਲੈਕਟ੍ਰੋਨਿਕ ਫੰਡ ਟ੍ਰਾਂਸਫਰ (ਈ.ਐਫ.ਟੀ.) (EFT) ਦੇ ਰੂਪ ਵਿੱਚ ਭੁਗਤਾਨ ਕੀਤੇ। ਬਿਲਡਿੰਗ ਡਿਵੀਜਨ ਫੀਸਾਂ ਲਈ ਵੀ ਨਕਦ ਭੁਗਤਾਨਾਂ ਦੇ ਨਾਲ, ਇਹੋ ਜਿਹਾ ਰੁਝਾਨ ਹੀ ਦੇਖਿਆ ਗਿਆ।



The Corporation of The City of Brampton
2 Wellington Street West, Brampton, ON L6Y 4R2 311 TTY: 905.874.2130

**ਮੀਡੀਆ ਸੰਪਰਕ**

ਮੋਨਿਕਾ ਦੁੱਗਲ (Monika Duggal)

ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ

ਸਟ੍ਰੈਟਜਿਕ ਕਮਿਊਨਿਕੇਸ਼ਨ

ਸਿਟੀ ਆਫ ਬ੍ਰੈਂਪਟਨ

905-874-3426 | Monika.Duggal@brampton.ca